ਡੈਲਟਾ ਸੀਨੀਅਰਜ਼ ਬੱਸ

ਡੈਲਟਾ ਸੀਨੀਅਰਜ਼ ਬੱਸ ਸੇਵਾ ਡੈਲਟਾ ਵਿੱਚ ਰਹਿਣ ਵਾਲੇ 65 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਬਜ਼ੁਰਗਾਂ ਲਈ ਆਵਾਜਾਈ ਦੀ ਇੱਕ ਮੁਫ਼ਤ ਅਤੇ ਸੁਵਿਧਾਜਨਕ ਉਪਲਬਧ ਚੋਣ ਹੈ। ਇਹ ਸੇਵਾ ਮੁੱਖ ਸਥਾਨਕ ਸਥਾਨਾਂ ਜਿਵੇਂ ਕਿ ਡਾਕਟਰੀ ਸਹੂਲਤਾਂ, ਖਰੀਦਦਾਰੀ ਕੇਂਦਰਾਂ, ਮਨੋਰੰਜਨ ਦੇ ਖੇਤਰਾਂ ਅਤੇ ਹੋਰ ਜ਼ਰੂਰੀ ਸੇਵਾਵਾਂ ਤੱਕ ਪਹੁੰਚਣ ਦੀ ਪੇਸ਼ਕਸ਼ ਕਰ ਕੇ ਬਜ਼ੁਰਗਾਂ ਨੂੰ ਸਰਗਰਮ ਅਤੇ ਆਤਮ-ਨਿਰਭਰ ਰਹਿਣ ਵਿੱਚ ਮਦਦ ਕਰਨ ਲਈ ਤਿਆਰ ਕੀਤੀ ਗਈ ਹੈ। ਬਜ਼ੁਰਗ ਸੱਤ ਦਿਨ ਪਹਿਲਾਂ ਤੱਕ ਆਪਣੀ ਰਾਈਡ (ਸਵਾਰੀ) ਬੁੱਕ ਕਰ ਸਕਦੇ ਹਨ, ਅਤੇ ਬੱਸ ਸਵਾਰੀਆਂ ਨੂੰ ਚੜ੍ਹਾਉਣ ਅਤੇ ਉਤਾਰਨ ਲਈ ਸੜਕ ਦੇ ਕਿਨਾਰੇ (ਕਰਬਸਾਈਡ) 'ਤੇ ਰੁਕੇਗੀ।

ਇਹ ਪੱਕਾ ਕਰਨ ਲਈ ਕਿ ਸੇਵਾ ਨਿਰਵਿਘਨ ਅਤੇ ਕਾਰਗਰ ਹੋਵੇ, ਯਾਤਰੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਸਵਾਰੀ ਚੜ੍ਹਾਉਣ ਦੇ ਮਿਥੇ ਸਮੇਂ ਤੋਂ ਦਸ ਮਿੰਟ ਪਹਿਲਾਂ ਸੜਕ ਕਿਨਾਰੇ 'ਤੇ ਤਿਆਰ ਰਹਿਣ। ਜਦੋਂ ਕਿ ਮਿਥੇ ਸਮੇਂ 'ਤੇ ਪਹੁੰਚਣ ਦੀ ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ, ਪਰ ਅਣਕਿਆਸੇ ਹਾਲਤਾਂ ਕਾਰਨ ਬੱਸ ਜਲਦੀ ਜਾਂ ਦੇਰ ਨਾਲ ਵੀ ਪਹੁੰਚ ਸਕਦੀ ਹੈ। ਇਸ ਬੱਸ ਸੇਵਾ ਵਿੱਚ ਵੀਲ ਚੇਅਰਾਂ ਅਤੇ ਛੋਟੇ ਸਕੂਟਰਾਂ ਵਰਗੇ ਤੁਰਨ-ਫਿਰਨ 'ਚ ਸਹਾਰਾ ਦੇਣ ਵਾਲੇ ਸਾਧਨਾਂ ਨੂੰ ਬੱਸ 'ਚ ਰੱਖਣ ਦਾ ਪੂਰਾ ਪ੍ਰਬੰਧ ਹੈ, ਜਿਸ ਕਰਕੇ ਵੱਖ-ਵੱਖ ਲੋੜਾਂ ਵਾਲੇ ਬਜ਼ੁਰਗ ਇਸ ਸੇਵਾ ਦੀ ਵਰਤੋਂ ਕਰ ਸਕਦੇ ਹਨ। ਜਦੋਂ ਕਿ ਯਾਤਰੀਆਂ ਦਾ ਆਪਣੇ ਆਪ ਬੱਸ 'ਤੇ ਚੜ੍ਹਨ ਅਤੇ ਉੱਤਰਨ ਦੇ ਯੋਗ ਹੋਣਾ ਜ਼ਰੂਰੀ ਹੈ, ਪਰ ਲੋੜ ਪੈਣ 'ਤੇ ਉਹਨਾਂ ਦੀ ਦੇਖਭਾਲ ਕਰਨ ਵਾਲਿਆਂ ਅਤੇ ਸਾਥੀਆਂ ਤੋਂ ਮਦਦ ਕਰਨ ਦੀ ਉਮੀਦ ਕੀਤੀ ਜਾਂਦੀ ਹੈ।

ਰਾਈਡ (ਸਵਾਰੀ) ਮਿਲਣੀ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਹੋਰ ਕਿੰਨੇ ਲੋਕਾਂ ਨੂੰ ਇਸ ਦੀ ਲੋੜ ਹੈ, ਪਰ ਇਹ ਪ੍ਰੋਗਰਾਮ ਉਹਨਾਂ ਬਜ਼ੁਰਗਾਂ ਲਈ ਇੱਕ ਅਹਿਮ ਸਹੂਲਤ ਦੇਣੀ ਜਾਰੀ ਰੱਖਦਾ ਹੈ ਜਿਹੜੇ ਆਪਣੀ ਆਜ਼ਾਦੀ ਬਣਾਈ ਰੱਖਣ ਅਤੇ ਆਪਣੇ ਭਾਈਚਾਰੇ ਨਾਲ ਜੁੜੇ ਰਹਿਣਾ ਚਾਹੁੰਦੇ ਹਨ।

ਡੈਲਟਾ ਸੀਨੀਅਰਜ਼ ਬੱਸ

ਡੈਲਟਾ ਸੀਨੀਅਰਜ਼ ਬੱਸ ਡਾਕਟਰੀ ਸੇਵਾਵਾਂ, ਮਨੋਰੰਜਨ ਕੇਂਦਰਾਂ, ਖਰੀਦਦਾਰੀ ਅਤੇ ਹੋਰ ਭਾਈਚਾਰਕ ਸਹੂਲਤਾਂ ਤੱਕ ਆਸਾਨ ਪਹੁੰਚ ਪ੍ਰਦਾਨ ਕਰਦੀ ਹੈ।

ਬੱਸ ਵਿੱਚ ਆਟੋਮੈਟਿਕ ਲਿਫਟ ਲੱਗੀ ਹੋਈ ਹੈ ਅਤੇ ਇਸ ਵਿੱਚ ਵੀਲ ਚੇਅਰਾਂ, ਵਾਕਰ ਅਤੇ ਸਕੂਟਰ ਰੱਖਣ ਲਈ ਥਾਂ ਹੈ, ਜਿਸ ਨਾਲ ਹਰ ਕੋਈ ਆਰਾਮ ਨਾਲ ਸਫ਼ਰ ਕਰ ਸਕਦਾ ਹੈ।

ਡੈਲਟਾ ਸ਼ਹਿਰ ਦੇ 65 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਵਸਨੀਕ ਐਪੁਆਂਇੰਟਮੈਂਟਾਂ 'ਤੇ ਪਹੁੰਚਣ, ਖਰੀਦਦਾਰੀ ਕਰਨ ਜਾਂ ਦੋਸਤਾਂ ਨੂੰ ਮਿਲਣ ਜਾਣ ਲਈ ਮੁਫ਼ਤ ਰਾਈਡ ਬੁੱਕ ਕਰ ਸਕਦੇ ਹਨ।

ਨਾਂ ਦਾਖਲ ਕਰਵਾਉਣ ਜਾਂ 7 ਦਿਨ ਪਹਿਲਾਂ ਤੱਕ ਰਾਈਡ ਬੁੱਕ ਕਰਨ ਲਈ, ਤੁਸੀਂ ਸਿਰਫ ਸਵੇਰ ਦੇ 9 ਵਜੇ ਤੋਂ ਦੁਪਹਿਰ ਬਾਅਦ ਦੇ 2 ਵਜੇ ਦੇ ਵਿਚਕਾਰ 604-597-4876 'ਤੇ ਫੋਨ ਕਰਨਾ ਹੈ।

ਡਾਕਟਰੀ ਐਪੁਆਂਇੰਟਮੈਂਟਾਂ ਲਈ ਬੁਕਿੰਗ ਨੂੰ ਪਹਿਲ ਦਿੱਤੀ ਜਾਂਦੀ ਹੈ, ਪਰ ਸਾਰੀਆਂ ਰਾਈਡਾਂ ਲਈ ਉਪਲਬਧਤਾ ਜਗ੍ਹਾ 'ਤੇ ਨਿਰਭਰ ਕਰਦੀ ਹੈ। ਅੱਜ ਹੀ ਆਪਣੀ ਰਾਈਡ ਬੁੱਕ ਕਰੋ!



ਸੋਮਵਾਰ ਤੋਂ ਸ਼ੁੱਕਰਵਾਰ, ਸਵੇਰ ਦੇ 9 ਵਜੇ ਤੋਂ ਦੁਪਹਿਰ ਬਾਅਦ ਦੇ 2 ਵਜੇ ਤੱਕ 604-597-4876 'ਤੇ ਫੋਨ ਕਰਕੇ ਡੈਲਟਾ ਸੀਨੀਅਰਜ਼ ਬੱਸ ਦੀ ਰਾਈਡ ਬੁੱਕ ਕਰੋ।



Delta Seniors Bus

604-597-4876

Delta

ਕੇਂਦਰੀ ਬੁਕਿੰਗ ਲਾਈਨ
ਸੋਮਵਾਰ ਤੋਂ ਸ਼ੁੱਕਰਵਾਰ, ਸਵੇਰ ਦੇ 9 ਵਜੇ ਤੋਂ ਦੁਪਹਿਰ ਬਾਅਦ ਦੇ 2 ਵਜੇ ਤੱਕ ਖੁੱਲ੍ਹੀ ਹੁੰਦੀ ਹੈ

ਆਵਾਜਾਈ ਦੀਆਂ ਸੇਵਾਵਾਂ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰ ਦੇ 9 ਵਜੇ ਤੋਂ ਸ਼ਾਮ ਦੇ 4 ਵਜੇ ਤੱਕ ਉਪਲਬਧ ਹਨ।

ਡੈਲਟਾ ਸੀਨੀਅਰਜ਼ ਬੱਸ

ਲਸੰਸ ਵਾਲੇ ਸਰਵਿਸ-ਜਾਨਵਰਾਂ ਦਾ ਸੁਆਗਤ ਹੈ।

ਵੀਲ ਚੇਅਰਾਂ ਜਾਂ ਤੁਰਨ-ਫਿਰਨ 'ਚ ਸਹਾਰਾ ਦੇਣ ਵਾਲੇ (ਮੋਬਿਲਿਟੀ) ਸਕੂਟਰਾਂ ਦਾ ਜਾਇਜ਼ਾ (ਅਸੈੱਸਮੈਂਟ) ਲੋੜੀਂਦਾ ਹੈ, ਜਿਸ ਵਿੱਚ ਸ਼ਾਮਲ ਹਨ:

- ਵੀਲ ਚੇਅਰ ਜਾਂ ਸਕੂਟਰ ਦੇ ਆਕਾਰ ਨੂੰ ਮਾਪਣਾ, ਯਾਤਰੀ ਦੀ ਸਮਰੱਥਾ ਨੂੰ ਦੇਖਣਾ, ਅਤੇ ਸੁਰੱਖਿਅਤ ਯਾਤਰਾ ਲਈ ਵੀਲ ਚੇਅਰ ਜਾਂ ਸਕੂਟਰ ਨੂੰ ਸੁਰੱਖਿਅਤ ਢੰਗ ਨਾਲ ਸਥਿਰ ਕਰਨਾ।
- ਮੋਬਿਲਿਟੀ ਸਕੂਟਰਾਂ ਵਾਲੇ ਯਾਤਰੀਆਂ ਲਈ ਜ਼ਰੂਰੀ ਹੈ ਕਿ ਬੱਸ ਵਿੱਚ ਚੜ੍ਹਨ ਵੇਲੇ ਪੌੜੀਆਂ ਚੜ੍ਹਨ ਸਕਦੇ ਹੋਣ; ਲਿਫਟ ਦੀ ਵਰਤੋਂ ਸਿਰਫ਼ ਸਕੂਟਰ ਲਈ ਕੀਤੀ ਜਾਵੇਗੀ।
- ਜਾਇਜ਼ਾ ਹਰ ਦੋ ਸਾਲਾਂ ਬਾਅਦ, ਅਤੇ ਨਵੇਂ ਯੰਤਰਾਂ ਨਾਲ ਲਿਆ ਜਾਂਦਾ ਹੈ।
- ਜਿਨ੍ਹਾਂ ਯਾਤਰੀਆਂ ਨੂੰ ਤੁਰਨ-ਫਿਰਨ ਜਾਂ ਯਾਦਦਾਸ਼ਤ ਵਿੱਚ ਮੁਸ਼ਕਲਾਂ ਕਾਰਨ ਵਧੇਰੇ ਖਾਸ ਸਹੂਲਤ ਵਾਲੀਆਂ ਸੇਵਾਵਾਂ ਦੀ ਲੋੜ ਹੁੰਦੀ ਹੈ ਉਹਨਾਂ ਨੂੰ 1-1 ਸਹਾਇਤਾ ਲਈ ਇੱਕ ਦੇਖਭਾਲ ਕਰਨ ਵਾਲੇ ਦਾ ਪ੍ਰਬੰਧ ਕਰਨ ਸਮੇਤ ਆਵਾਜਾਈ ਦੀਆਂ ਬਦਲਵੀਆਂ ਚੋਣਾਂ ਬਾਰੇ ਵਿਚਾਰ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।



ਡੈਲਟਾ ਸੀਨੀਅਰਜ਼ ਬੱਸ ਬਾਰੇ delta.ca/SeniorsBus 'ਤੇ ਹੋਰ ਜਾਣੋ।

ਡੈਲਟਾ ਸੀਨੀਅਰਜ਼ ਬੱਸ ਡੈਲਟਾ ਸ਼ਹਿਰ ਦੇ ਉਹਨਾਂ ਵਸਨੀਕਾਂ ਲਈ ਤਿਆਰ ਕੀਤੀ ਗਈ ਹੈ ਜਿਹੜੇ ਆਪਣੇ ਆਪ ਬੱਸ ਵਿੱਚ ਚੜ੍ਹ-ਉੱਤਰ ਸਕਦੇ ਹਨ ਅਤੇ ਆਪਣੇ ਆਲੇ-ਦੁਆਲੇ ਜਾ-ਆ ਸਕਦੇ ਹਨ।

ਯਾਤਰੀਆਂ ਲਈ ਹੇਠ ਲਿਖੇ ਕੰਮ ਕਰਨ ਦੇ ਯੋਗ ਹੋਣਾ ਜ਼ਰੂਰੀ ਹੈ:

- ਸੇਵਾ ਲਈ ਆਪਣੇ -ਆਪ ਨਾਂ ਦਾਖਲ ਕਰਵਾਉਣ ਅਤੇ ਰਾਈਡਾਂ ਦਾ ਸਮਾਂ ਤਹਿ ਕਰਨ
- ਬਿਨਾਂ ਸਹਾਇਤਾ ਦੇ ਬੱਸ ਵਿੱਚ ਚੜ੍ਹਨ ਅਤੇ ਉੱਤਰਨ
- ਬੱਸ ਵਿੱਚ ਵੱਡੀਆਂ ਪੌੜੀਆਂ ਚੜ੍ਹਨ ਅਤੇ ਹੇਠਾਂ ਉੱਤਰਨ
- ਬਿਨਾਂ ਸਹਾਇਤਾ ਦੇ ਬੱਸ ਸੀਟ 'ਤੇ ਬੈਠਣ ਅਤੇ ਉੱਠਣ
- ਆਪਣੀ ਸੀਟ ਬੈਲਟ ਲਾਉਣ
- ਆਪਣੀ ਸੀਟ 'ਤੇ ਪਾਰਸਲ/ਚੀਜ਼ਾਂ ਨੂੰ ਸੁਰੱਖਿਅਤ ਰੱਖਣ, ਬੱਸ ਅੰਦਰਲੇ ਲਾਂਘੇ ਸਾਫ਼ ਰੱਖਣ
- ਆਲੇ-ਦੁਆਲੇ ਨੂੰ ਪਛਾਣਨ ਅਤੇ ਉਸ ਅਨੁਸਾਰ ਰਸਤਾ ਲੱਭਣ
- ਕਰਬ ਤੋਂ ਆਪਣੀ ਮੰਜ਼ਿਲ ਤੱਕ ਜਾਣ, ਅਤੇ ਬੱਸ ਰੁਕਣ ਵਾਲੀ ਥਾਂ ਤੋਂ ਥੋੜ੍ਹੀ ਦੂਰੀ ਦੀ ਯਾਤਰਾ ਕਰਨ
- ਡਰਾਈਵਰ/ਡਿਸਪੈਚਰ ਨਾਲ ਗੱਲਬਾਤ ਕਰਨ



